# ਹਸਪਤਾਲ ਵਿੱਚ ਰਖੇ ਗਏ ਮਰੀਜ਼ਾਂ ਲਈ ਬਿਜਲੀ ਦੇ ਜ਼ੋਰਦਾਰ ਝਟਕੇ ਦੇਣ ਦੀ ਥੈਰੇਪੀ

(ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) 1983 ਦਾ ਸੈਕਸ਼ਨ 58A)

## ਇਹ ਲੀਫ਼ਲੈਟ ਕਿਸ ਬਾਰੇ ਹੈ ?

ਇਸ ਲੀਫ਼ਲੈਟ ਵਿੱਚ 1983 ਦੇ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਤਹਿਤ ਮਾਨਸਿਕ ਵਿਗਾੜ ਦਾ ਇਲਾਜ ਕਰਨ ਲਈ ਬਿਜਲੀ ਦੇ ਜ਼ੋਰਦਾਰ ਝਟਕੇ (ECT) ਥੈਰੇਪੀ ਦੇ ਇਸਤੇਮਾਲ ਬਾਰੇ ਵਿਸ਼ੇਸ਼ ਨਿਯਮਾਂ ਬਾਰੇ ਸਮਝਾਇਆ ਗਿਆ ਹੈ। ਇਹ ਨਿਯਮ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦੇ ਸੈਕਸ਼ਨ 58A ਵਿੱਚ ਹਨ।

## ਬਿਜਲੀ ਦੇ ਜ਼ੋਰਦਾਰ ਝਟਕੇ (ਇਲੈਕਟ੍ਰੋ-ਕੰਵਲਸਿਵ) ਕੀ ਹੈ ?

ECT ਇੱਕ ਉਹ ਇਲਾਜ ਹੈ, ਜੋ ਗੰਭੀਰ ਨਿਰਾਸ਼ਾ, ਖ਼ਬਤ ਅਤੇ ਕੈਟਾਟੋਨੀਆ ਵਰਗੀਆਂ ਥੋੜ੍ਹੀ ਜਿਹੀ ਗਿਣਤੀ ਦੀਆਂ ਗੰਭੀਰ ਮਾਨਸਿਕ ਬੀਮਾਰੀਆਂ ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ। ECT ਦੌਰਾਨ, ਬਿਜਲੀ ਦਾ ਇੱਕ ਕਰੰਟ ਬਹੁਤ ਥੋੜ੍ਹੀ ਦੇਰ ਲਈ ਦਿਮਾਗ ਵਿੱਚੋਂ ਲੰਘਾਇਆ ਜਾਂਦਾ ਹੈ, ਜਿਸ ਦੌਰਾਨ (ਇੱਕ 'ਫਿਟ') ਪੈ ਜਾਂਦਾ ਹੈ। ECT ਪੂਰੀ ਤਰ੍ਹਾਂ ਬੇਹੋਸ਼ ਕਰਕੇ ਦਿੱਤਾ ਜਾਂਦਾ ਹੈ ਅਤੇ ਮਰੀਜ਼ਾਂ ਨੂੰ ਉਨ੍ਹਾਂ ਦੇ ਪੱਠਿਆਂ ਵਿੱਚੋਂ ਤਣਾਅ ਘੱਟ ਕਰਨ ਲਈ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ, ਤਾਂ ਜੋ ਉਹ ਫਿਟ ਪੈਣ ਦੇ ਦੌਰਾਨ ਆਪਣੇ ਆਪ ਨੂੰ ਜ਼ਖ਼ਮੀ ਨਾ ਕਰ ਲੈਣ। ਅਕਸਰ, ECT ਵਿਸ਼ੇਸ਼ ਸਿੱਖਲਾਈ ਪ੍ਰਾਪਤ ਸਟਾਫ ਵਲੋਂ 6 ਜਾਂ 12 ਸੈਸ਼ਨਾਂ ਦੇ ਕੋਰਸ ਵਿੱਚ ਦਿੱਤਾ ਜਾਂਦਾ ਹੈ।

ਜੇ ਹਸਪਤਾਲ ਦਾ ਸਟਾਫ਼ ਸੋਚਦਾ ਹੈ ਕਿ ਤੁਹਾਨੂੰ ECT ਦੇਣ ਦਾ ਖਿਆਲ ਸਹੀ ਹੈ ਤਾਂ ਉਹ ਤੁਹਾਨੂੰ ਦੱਸਣਗੇ ਕਿ ਇਹ ਕੀ ਹੈ ਅਤੇ ਉਹ ਇਹ ਕਿਉਂ ਸੋਚਦੇ ਹਨ, ਕਿ ਤੁਹਾਨੂੰ ਇਹ ਦੇਣਾ ਚਾਹੀਦਾ ਹੈ।

## ਕੀ ਮੈਂ ECT ਤੋਂ ਇਨਕਾਰ ਕਰ ਸਕਦਾ ਹਾਂ ?

ਜੇ ਤੁਸੀਂ ਆਪਣੇ ਬਾਰੇ ਫੈਸਲਾ ਕਰਨ ਦੇ ਯੋਗ ਹੋ ਜਾਂ ਜੇ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ECT ਲਈ ਸਹਿਮਤ ਹੋਣ ਦੀ ਕੋਈ ਮਜਬੂਰੀ ਨਹੀਂ। ਤੁਹਾਨੂੰ ECT ਸਿਰਫ ਉਦੋਂ ਹੀ ਦਿੱਤਾ ਜਾ ਸਕਦਾ ਹੈ, ਜਦੋਂ ਤੁਸੀਂ ਇਸ ਲਈ ਸਹਿਮਤ ਹੋਵੋ, ਜਾਂ ਜੇ ਕੋਈ ਐਮਰਜੈਂਸੀ ਹੋਵੇ।

## ਜੇ ਮੈਂ 18 ਸਾਲ ਤੋਂ ਘੱਟ ਹਾਂ ਤਾਂ ?

ਜੇ ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਹੋ, ਅਤੇ ਤੁਸੀਂ ECT ਲਈ ਸਹਿਮਤ ਹੁੰਦੇ ਹੋ, ਤਾਂ ਇੱਕ ਡਾਕਟਰ ਜੋ ਉਸ ਹਸਪਤਾਲ ਦਾ ਨਹੀਂ ਜਿੱਥੇ ਤੁਹਾਡਾ ਇਲਾਜ ਹੋ ਰਿਹਾ ਹੈ, ਆਕੇ ਤੁਹਾਨੂੰ ਵੇਖੇਗਾ।

ਇਸ ਖੁਦਮੁਖ਼ਤਾਰ ਡਾਕਟਰ ਨੂੰ SOAD (ਦੂਜੀ ਰਾਇ ਲਈ ਨਿਯੁਕਤ ਡਾਕਟਰ) ਕਿਹਾ ਜਾਂਦਾ ਹੈ ਅਤੇ ਉਸਨੂੰ ਇੱਕ ਸੁਤੰਤਰ ਕਮਿਸ਼ਨ, ਜੋ ਇਸ ਗੱਲ ਦੀ ਨਿਗਰਾਨੀ ਕਰਦਾ ਹੈ ਕਿ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਗਿਆ ਹੈ, ਵਲੋਂ ਨਿਯੁਕਤ ਕੀਤਾ ਗਿਆ ਹੈ।

ਇਹ ਖੁਦਮੁਖ਼ਤਾਰ ਡਾਕਟਰ ਤੁਹਾਡੇ ਅਤੇ ਹਸਪਤਾਲ ਦੇ ਸਟਾਫ਼ ਜੋ ਤੁਹਾਨੂੰ ਜਾਣਦੇ ਹਨ, ਨਾਲ ਗੱਲਬਾਤ ਕਰੇਗਾ। ਤੁਹਾਨੂੰ ECT ਸਿਰਫ਼ ਤਾਂ ਹੀ ਦਿੱਤੀ ਜਾ ਸਕਦੀ ਹੈ, ਜੇ ਤੁਸੀਂ ਅਤੇ ਸੁਤੰਤਰ ਡਾਕਟਰ ਦੋਵੇਂ ਸਹਿਮਤ ਹੋਵੋ, ਜਾਂ ਕੋਈ ਐਮਰਜੈਂਸੀ ਹੋਵੇ।

## ਜੇ ਹਸਪਤਾਲ ਦਾ ਸਟਾਫ਼ ਇਹ ਸੋਚੇ ਕਿ ਮੈਂ ਆਪਣੇ ਲਈ ਫੈਸਲਾ ਕਰਨ ਦੇ ਯੋਗ ਨਹੀਂ ਤਾਂ ਕੀ ਹੋਏਗਾ ?

ਇਸ ਦਾ ਮਤਲਬ ਇਹ ਹੈ ਕਿ ਹਸਪਤਾਲ ਸਟਾਫ਼ ਇਹ ਸੋਚ ਸਕਦਾ ਹੈ, ਕਿਉਂਕਿ ਤੁਹਾਨੂੰ ਮਾਨਸਿਕ ਵਿਕਾਰ ਹੈ, ਇਸ ਲਈ ਤੁਸੀਂ ਆਪਣੇ ਲਈ ਫੈਸਲਾ ਨਹੀਂ ਕਰ ਸਕਦੇ ਕਿ ਤੁਸੀਂ ECT ਲਉ ਕਿ ਨਹੀਂ।

ਇਸ ਦਾ ਮਤਲਬ ਇਹ ਹੈ ਕਿ ਉਹ ਸੋਚਦੇ ਹਨ, ਕਿ ਤੁਸੀਂ ਇਹ ਨਹੀਂ ਸਮਝ ਸਕਦੇ ਕਿ ECT ਕੀ ਹੈ ਅਤੇ ਇਹ ਕਿਸ ਲਈ ਹੈ ਅਤੇ ਇਸਦੇ ਅਸਰ ਤੇ ਲਾਭ ਕੀ ਹੋ ਸਕਦੇ ਹਨ।

ਜੇ ਉਹ ਸੋਚਦੇ ਹਨ, ਕਿ ਤੁਸੀਂ ਆਪਣੇ ਲਈ ਫੈਸਲਾ ਕਰਨ ਦੇ ਯੋਗ ਨਹੀਂ, ਤਾਂ ਹਸਪਤਾਲ ਦਾ ਸਟਾਫ਼ ਇੱਕ ਖੁਦਮੁਖ਼ਤਾਰ ਡਾਕਟਰ (SOAD) ਨੂੰ ਤੁਹਾਨੂੰ ਵੇਖਣ ਲਈ ਆਉਣ ਲਈ ਕਹਿਣਗੇ ਇਹ ਖੁਦਮੁਖ਼ਤਾਰ ਡਾਕਟਰ ਤੁਹਾਡੇ ਅਤੇ ਹਸਪਤਾਲ ਦੇ ਸਟਾਫ਼ ਜੋ ਤੁਹਾਨੂੰ ਜਾਣਦੇ ਹਨ, ਨਾਲ ਗੱਲ ਕਰੇਗਾ।

ਜੇ ਖੁਦਮੁਖ਼ਤਾਰ ਡਾਕਟਰ ਇਸ ਬਾਰੇ ਸਹਿਮਤ ਹੈ, ਕਿ ਤੁਸੀਂ ਆਪਣੇ ਲਈ ਫੈਸਲਾ ਕਰਨ ਦੇ ਯੋਗ ਨਹੀਂ ਤਾਂ ਖੁਦਮੁਖ਼ਤਾਰ ਡਾਕਟਰ ਹਸਪਤਾਲ ਸਟਾਫ਼ ਨੂੰ ਤੁਹਾਨੂੰ ECT ਦੇਣ ਦੀ ਆਗਿਆ ਦੇਣ ਲਈ ਸਹਿਮਤੀ ਦੇ ਸਕਦਾ ਹੈ। ਜਦ ਤਕ ਕੋਈ ਐਮਰਜੈਂਸੀ ਨਾ ਹੋਵੇ, ਤੁਹਾਨੂੰ ECT ਸਿਰਫ਼ ਖੁਦਮੁਖ਼ਤਾਰ ਡਾਕਟਰ ਵਲੋਂ ਸਹਿਮਤੀ ਦੇਣ ਬਾਅਦ ਹੀ ਦਿੱਤੀ ਜਾ ਸਕਦਾ ਹੈ।

ਪਰ ਜੇ ਤੁਸੀਂ 2005 ਦੇ ਮੈਂਟਲ ਕੈਪੇਸਿਟੀ ਐਕਟ (ਮਾਨਸਿਕ ਸਮਰੱਥਾ ਦਾ ਕਾਨੂੰਨ) ਤਹਿਤ, ਕਾਨੂੰਨੀ ਤੌਰ ਤੇ ECT ਤੋਂ ਇਨਕਾਰ ਕਰਨ ਦਾ ਅਗਾਂਹੂ ਬੰਧਨਕਾਰੀ ਫੈਸਲਾ ਕੀਤਾ ਹੋਇਆ ਹੈ, ਜਾਂ ਕੋਈ ਹੋਰ ਜਿਸਨੂੰ ਇਸ ਕਾਨੂੰਨ ਤਹਿਤ ਤੁਹਾਡੇ ਲਈ ਫੈਸਲੇ ਕਰਨ ਦੀ ਆਗਿਆ ਦਿੱਤੀ ਗਈ ਹੈ, ਨੇ ਕਿਹਾ ਹੈ ਕਿ ਤੁਹਾਨੂੰ ਇਹ ਨਹੀਂ ਦੇਣਾ ਚਾਹੀਦਾ ਤਾਂ ਖੁਦਮੁਖ਼ਤਾਰ ਡਾਕਟਰ ਹਸਪਤਾਲ ਸਟਾਫ਼ ਨੂੰ ਤੁਹਾਨੂੰ ECT ਦੇਣ ਦੀ ਆਗਿਆ ਦੇਣ ਲਈ ਸਹਿਮਤ ਨਹੀਂ ਹੋ ਸਕਦਾ। ਇਹ ਵਿਅਕਤੀ ਕੋਈ ਅਜਿਹਾ ਹੋ ਸਕਦਾ ਹੈ ਜਿਸਨੂੰ ਤੁਸੀਂ ਹਮੇਸ਼ਾ ਲਈ ਮੁਖ਼ਤਾਰਨਾਮੇ ਦੇ ਅਧਿਕਾਰ ਦੇ ਦਿੱਤੇ ਹਨ, ਕੋਰਟ ਆਫ਼ ਪ੍ਰੋਟੈਕਸ਼ਨ (ਸੁਰੱਖਿਆ ਬਾਰੇ ਅਦਾਲਤ) ਵਲੋਂ ਨਿਯੁਕਤ ਕੋਈ ਡਿਪਟੀ ਜਾਂ ਕੋਰਟ ਆਫ਼ ਪ੍ਰੋਟੈਕਸ਼ਨ ਖੁਦ ਹੋ ਸਕਦੀ ਹੈ। ਹਸਪਤਾਲ ਦਾ ਸਟਾਫ਼ ਤੁਹਾਨੂੰ 2005 ਦੇ ਮੈਂਟਲ ਕੈਪੇਸਿਟੀ ਐਕਟ ਬਾਰੇ ਹੋਰ ਵੱਧ ਜਾਣਕਾਰੀ ਦੇ ਸਕਦਾ ਹੈ।

## ਇੱਕ ਐਮਰਜੈਂਸੀ ਵਿੱਚ ਕੀ ਹੁੰਦਾ ਹੈ ?

ਇੱਕ ਐਮਰਜੈਂਸੀ ਵਿੱਚ ਭਾਂਵੇਂ ਨਾ ਤੁਸੀਂ ਆਪ ਅਤੇ ਨਾ ਹੀ ਖੁਦਮੁਖ਼ਤਾਰ ਡਾਕਟਰ ਨੇ ਇਸ ਲਈ ਸਹਿਮਤੀ ਦਿੱਤੀ ਹੋਵੇ, ਤੁਹਾਨੂੰ ECT ਦਿੱਤੀ ਜਾ ਸਕਦੀ ਹੈ।

ਪਰ ਅਜਿਹਾ ਸਿਰਫ਼ ਤਾਂ ਹੀ ਕੀਤਾ ਜਾਏਗਾ, ਜੇ ਤੁਹਾਡੀ ਜਾਨ ਜਾਂ ਤੁਹਾਡੀ ਮਾਨਸਿਕ ਸਿਹਤ ਨੂੰ ਬਹੁਤ ਜ਼ਿਆਦਾ ਖ਼ਰਾਬ ਹੋਣ ਤੋਂ ਬਚਾਉਣ ਲਈ ਤੁਹਾਨੂੰ ਉਸੇ ਸਮੇਂ ECT ਦੇਣਾ ਜ਼ਰੂਰੀ ਹੋਵੇ।

## ਪ੍ਰੈਕਟਸ ਦਾ ਜ਼ਾਬਤਾ

ਪ੍ਰੈਕਟਸ ਦਾ ਇੱਕ ਜ਼ਾਬਤਾ ਹੈ, ਜਿਸ ਨਾਲ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਅਤੇ ਮਾਨਸਿਕ ਗੜਬੜੀ ਵਾਲੇ ਲੋਕਾਂ ਦੇ ਇਲਾਜ ਕਰਨ ਬਾਰੇ ਹਸਪਤਾਲ ਦੇ ਸਟਾਫ਼ ਨੂੰ ਸਲਾਹ ਦਿੱਤੀ ਜਾਂਦੀ ਹੈ। ਸਟਾਫ਼ ਜਦੋਂ ਤੁਹਾਡੀ ਦੇਖਭਾਲ ਬਾਰੇ

ਫੈਸਲੇ ਕਰਦਾ ਹੈ, ਤਾਂ ਉਨ੍ਹਾਂ ਨੂੰ ਇਹ ਵੇਖਣਾ ਪੈਂਦਾ ਹੈ ਕਿ ਜ਼ਾਬਤਾ ਇਸ ਬਾਰੇ ਕੀ ਕਹਿੰਦਾ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਦੀ ਇੱਕ ਕਾਪੀ ਵੇਖ ਸਕਦੇ ਹੋ।

## ਮੈਂ ਸ਼ਿਕਾਇਤ ਕਿਸ ਤਰ੍ਹਾਂ ਕਰਾਂ ?

ਜੇ ਤੁਸੀਂ ਹਸਪਤਾਲ ਵਿੱਚ ਹੋ ਰਹੀ ਆਪਣੀ ਦੇਖਭਾਲ ਅਤੇ ਇਲਾਜ ਸੰਬੰਧੀ ਕਿਸੇ ਗੱਲ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਹੋ ਸਕਦਾ ਹੈ, ਕਿ ਉਹ ਮਾਮਲੇ ਨੂੰ ਸੁਲਝਾ ਲੈਣ। ਉਹ ਤੁਹਾਨੂੰ ਹਸਪਤਾਲ ਦੇ ਸ਼ਿਕਾਇਤ ਕਰਨ ਦੇ ਅਮਲ ਬਾਰੇ ਵੀ ਜਾਣਕਾਰੀ ਦੇ ਸਕਦੇ ਹਨ ਜਿਸਨੂੰ ਤੁਸੀਂ ਆਪਣੀ ਸ਼ਿਕਾਇਤ ਨੂੰ ਸੁਲਝਾਣ ਲਈ, ਜਿਸਨੂੰ ਸਥਾਨਕ ਮਤਾ ਕਹਿੰਦੇ ਹਨ, ਰਾਹੀਂ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। ਉਹ ਤੁਹਾਨੂੰ ਉਨ੍ਹਾਂ ਹੋਰ ਲੋਕਾਂ ਬਾਰੇ ਵੀ ਦੱਸ ਸਕਦੇ ਹਨ, ਜੋ ਤੁਹਾਨੂੰ ਸ਼ਿਕਾਇਤ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਜੇ ਤੁਸੀਂ ਮਹਿਸੂਸ ਕਰਦੇ ਹੋ, ਕਿ ਹਸਪਤਾਲ ਦਾ ਸ਼ਿਕਾਇਤਾਂ ਦਾ ਅਮਲ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ ਤਾਂ ਤੁਸੀਂ ਇੱਕ ਸੁਤੰਤਰ ਕਮਿਸ਼ਨ ਕੋਲ ਵੀ ਸ਼ਿਕਾਇਤ ਕਰ ਸਕਦੇ ਹੋ। ਕਮਿਸ਼ਨ ਇਹ ਯਕੀਨੀ ਬਣਾਉਣ ਲਈ ਕਿ 1983 ਦਾ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਠੀਕ ਤਰ੍ਹਾਂ ਹੋਵੇ, ਅਤੇ ਮਰੀਜ਼ ਜਿੰਨੀ ਦੇਰ ਹਸਪਤਾਲ ਵਿੱਚ ਹੋਣ, ਉਨ੍ਹਾਂ ਦੀ ਦੇਖਭਾਲ ਸਹੀ ਢੰਗ ਨਾਲ ਹੋਵੇ, ਇਹ ਨਿਗਰਾਨੀ ਕਰਦਾ ਹੈ ਕਿ ਇਸ ਕਾਨੂੰਨ ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦੇ ਹਨ, ਜਿਸ ਵਿੱਚ ਦੱਸਿਆ ਗਿਆ ਹੈ, ਕਿ ਕਮਿਸ਼ਨ ਨਾਲ ਸੰਪਰਕ ਕਿਵੇਂ ਕਰਨਾ ਹੈ।

### ਹੋਰ ਵੱਧ ਸਹਾਇਤਾ ਲਈ ਜਾਣਕਾਰੀ

ਜੇ ਤੁਹਾਡੀ ਦੇਖਭਾਲ ਅਤੇ ਇਲਾਜ ਬਾਰੇ ਕੋਈ ਅਜਿਹੀ ਗੱਲ ਹੈ, ਜੋ ਤੁਹਾਨੂੰ ਸਮਝ ਨਹੀਂ ਆ ਰਹੀ ਤਾਂ ਸਟਾਫ਼ ਦਾ ਇੱਕ ਮੈਂਬਰ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰੇਗਾ। ਜੇ ਇਸ ਲੀਫ਼ਲੈਟ ਵਿੱਚ ਕੁਝ ਅਜਿਹਾ ਹੋਵੇ, ਜੋ ਤੁਹਾਡੀ ਸਮਝ ਵਿੱਚ ਨਹੀਂ ਆ ਰਿਹਾ ਜਾਂ ਤੁਹਾਡੇ ਕੋਈ ਹੋਰ ਸਵਾਲ ਹਨ, ਜਿਨ੍ਹਾਂ ਦੇ ਜਵਾਬ ਇਸ ਲੀਫ਼ਲੈਟ ਵਿੱਚ ਨਹੀਂ ਦਿੱਤੇ ਗਏ, ਤਾਂ ਕਿਰਪਾ ਕਰਕੇ ਸਟਾਫ਼ ਦੇ ਇੱਕ ਮੈਂਬਰ ਨੂੰ ਸਮਝਾਉਣ ਲਈ ਕਹੋ।

ਜੇ ਤੁਹਾਨੂੰ ਲੀਫ਼ਲੈਟ ਦੀ ਇੱਕ ਹੋਰ ਕਾਪੀ ਕਿਸੇ ਹੋਰ ਲਈ ਚਾਹੀਦੀ ਹੋਵੇ, ਤਾਂ ਕਿਰਪਾ ਕਰਕੇ ਕੇ ਉਸ ਲਈ ਕਹੋ।